# Press Note

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਅਤੇ ਟੈਕਨਾਲੋਜੀ (ਕੰਸਟੀਚਿਊਟ ਕਾਲਜ ਆਫ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ) ਵਲੋਂ ਅੰਤਿਮ ਸਾਲ ਦੇ ਵਿਦਿਆਰਥੀਆਂ ਲਈ ਮਿਤੀ 20.10.2016 ਨੂੰ **Internship cum placement drive** ਦਾ ਆਯੋਜਨ ਕੀਤਾ ਗਿਆ।ਕੰਪਿਊਟਰ ਸਾਇੰਸ ਇੰਜ:, ਇਲੈਕਟਰੋਨਿਕਸ ਐਂਡ ਕਮਇਊਨੀਕੇਸ਼ਨ ਇੰਜ: ਅਤੇ ਮਾਸਟਰ ਆਫ ਕੰਪਿਊਟਰ ਐਪਲੀਕਸ਼ਨਜ ਇੰਜ: ਦੇ ਵਿਦਿਆਰਥੀਆਂ ਵਲੋਂ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। Intersoft Professional Mohali, Swipe Cubes Softs Pvt Ltd Mohali IBM Business Partners ਅਤੇ IBM Business Partners ਆਦਿ ਕੰਪਨੀਆਂ ਨੇ ਇਸ ਆਯੋਜਨ ਵਿੱਚ ਸਿਰਕਤ ਕੀਤੀ। ਕੰਪਨੀਆਂ ਵਲੋਂ ਵਿਦਿਆਰਥੀਆਂ ਦੀ ਯੋਗਤਾ ਅਤੇ ਮਾਨਸਿਕ ਸਿਆਣਪ ਦੇ ਟੈਸਟ ਦੇ ਆਧਾਰ ਤੇ ਉਹਨਾਂ ਨੂੰ ਨਾਮਜਦ ਕੀਤਾ ਗਿਆ ਅਤੇ ਨਾਮਜਦ ਵਿਦਿਆਰਥੀਆਂ ਦੀ ਕੰਪਨੀਆਂ ਵਲੋਂ ਇੰਟਰਵਿਊ ਲਈ ਗਈ।

Intersoft Professional Mohali ਨੇ 7 ਅਤੇ IBM Business Partners ਕੰਪਨੀ ਨੇ 4 ਕੰਪਿਊਟਰ ਸਾਇੰਸ ਦੇ ਵਿਦਿਆਰਥੀਆਂ ਦੀ ਚੋਣ ਕੀਤੀ। Swipe Cubes Softs Pvt Ltd Mohali ਨੇ ਦੋ ਕੰਪਿਊਟਰ ਸਾਇੰਸ ਦੇ ਅਤੇ ਇੱਕ ਐਮ.ਸੀ.ਏ. ਦੇ ਵਿਦਿਆਰਥੀ ਦੀ ਚੋਣ ਕੀਤੀ। ਆਪਣੀ ਟਰੇਨਿੰਗ ਦੌਰਾਨ ਵਿਦਿਆਰਥੀ 8000/- ਮਹੀਨਾ ਵਜੀਫੇ ਵਜੋਂ ਅਤੇ ਟਰੇਨਿੰਗ ਖਤਮ ਹੋਣ ਉਪਰੰਤ ਲਗਭਗ 1.57 ਲੱਖ ਰੁਪਏ ਦਾ ਸਾਲਾਨਾ ਪੈਕੇਜ ਲੈਣਗੇ। IBM Business Partners ਕੰਪਨੀ ਨੇ ਕੁੱਝ ਵਿਦਿਆਰਥੀਆਂ ਦੀ ਟਰੇਨਿੰਗ ਦੇ ਲਈ ਚੋਣ ਕੀਤੀ ਆਪਣੀ ਟਰੇਨਿੰਗ ਦੌਰਾਨ ਵਿਦਿਆਰਥੀਆਂ ਨੂੰ ਚੱਲ ਰਹੇ ਪ੍ਰਾਜੈਕਟਾਂ ਉੱਪਰ ਕੰਮ ਕਰਨ ਦਾ ਮੌਕਾ ਮਿਲੇਗਾ ਅਤੇ 100 ਪ੍ਰਤੀਸ਼ਤ ਸਕਾਲਰਸ਼ਿਪ ਦਿੱਤੀ ਜਾਵੇਗੀ।

ਹਰੀਸ਼ ਗੁਪਤਾ, ਰਿਤਿਕਾ ਅਤੇ ਅਲੀਸ਼ਾ ਨੂੰ Swipe Cubes Softs Pvt Ltd Mohali ਦੀ ਪਲੇਸਮੈਂਟ ਲਈ ਚੁਣਿਆ ਗਿਆ ਜਦਕਿ Intersoft Professional Mohali ਦੀ ਪਲੇਸਮੈਂਟ ਲਈ ਮਨੀ ਜਿੰਦਲ, ਸੁਦਿਕਸ਼ਾ, ਗਗਨਦੀਪ ਬਾਂਸਲ, ਜੀਤੇਨ, ਹਰੀਸ਼, ਸਾਹਿਲ ਗਰਗ, ਅਤੇ ਸਰਵੇਸ਼ ਸੈਨੀ ਆਦਿ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਸ ਤੋਂ ਇਲਾਵਾ ਕੰਪਿਊਟਰ ਸਾਇੰਸ ਵਿਭਾਗ ਵਲੋਂ ਕਈ ਵਰਕਸ਼ਾਪਾਂ ਦਾ ਆਯੋਜਨ ਵੀ ਕੀਤਾ ਗਿਆ ਜਿਸ ਨਾਲ ਵਿਦਿਆਰਥੀਆਂ ਦੀ ਤਕਨੀਕੀ ਜਾਣਕਾਰੀ ਵਿੱਚ ਵਾਧਾ ਹੋਵੇਗਾ ਅਤੇ ਭਵਿੱਖ ਵਿੱਚ ਉਹ ਚੰਗੀਆਂ ਕੰਪਨੀਆਂ ਵਿੱਚ ਪਲੇਸਮੈਂਟ ਲੈ ਸਕਣਗੇ। ਕੰਪਨੀਆਂ ਵਲੋਂ ਚੁਣੇ ਗਏ ਵਿਦਿਆਰਥੀਆਂ ਨੇ ਆਪਣੀ ਖੁਸੀ ਦਾ ਪ੍ਰਗਟਾਵਾ ਕੀਤਾ ਜੋ ਕਿ 7ਵੇਂ ਸਮੈਸਟਰ ਦੌਰਾਨ ਪਲੇਸਮੈਂਟ ਲਈ ਚੁਣੇ ਗਏ ਹਨ।

ਪ੍ਰੋਫੈਸ਼ਰ ਮੋਹਨ ਪਾਲ ਸਿੰਘ ਈਸ਼ਰ, ਉੱਪ ਕੁੱਲਪਤੀ ਮਰਸਪਟਯ, ਬਠਿੰਡਾ ਨੇ ਡਿਪਾਰਟਮੈਂਟ ਨੂੰ ਇਸ ਆਯੋਜਨ ਲਈ ਸਰਾਹਿਆ ਅਤੇ ਨਾਲ ਹੀ ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਨੌਕਰੀਆਂ ਦੇ ਯੋਗ ਬਣਾਉਣ ਅਤੇ ਉਹਨਾਂ ਦੀ ਚੰਗੀ ਪਲੇਸਮੈਂਟ ਦੇ ਮੌਕੇ ਪ੍ਰਦਾਨ ਕਰਨਾ ਸਾਡਾ ਮੁੱਖ ਮੰਤਵ ਹੈ।

ਪ੍ਰੋਫੈਸ਼ਰ ਜਸਵੀਰ ਸਿੰਘ ਹੁੰਦਲ, ਰਜਿਸਟਰਾਰ ਮਰਸਪਟਯ, ਬਠਿੰਡਾ ਨੇ ਕਿਹਾ ਕਿ ਯੂਨੀਵਰਸਿਟੀ ਵਲੋਂ ਵਿਦਿਆਰਥੀਆਂ ਦੀ ਚੰਗੀਆਂ ਕੰਪਨੀਆਂ ਵਿੱਚ ਟਰੇਨਿੰਗ ਅਤੇ ਪਲੇਸਮੈਂਟ ਲਈ ਯੋਗ ਪਹਿਲ-ਕਦਮ ਲਏ ਜਾ ਰਹੇ ਹਨ। ਕੈਂਪਸ ਡਾਇਰੈਕਟਰ ਪ੍ਰੋਫੈਸ਼ਰ ਗੁਰਸ਼ਰਨ ਸਿੰਘ, ਪ੍ਰੋਫੈਸ਼ਰ ਅਸ਼ੋਕ ਗੋਇਲ ਨੇ ਕੰਪਨੀਆਂ ਵਲੋਂ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਪ੍ਰੋਫੈਸ਼ਰ ਨਰੇਸ਼ ਗਰਗ ਐਚ.ਓ.ਡੀ. ਕੰਪਿਊਟਰ ਸਾਇੰਸ: ਨੇ ਕਿਹਾ ਕਿ ਭਵਿੱਖ ਵਿੱਚ ਵੀ ਚੰਗੀਆਂ ਕੰਪਨੀਆਂ ਨੂੰ ਕਾਲਜ ਵਿੱਚ ਦੌਰੇ ਲਈ ਸੱਦਾ ਦਿੱਤਾ ਜਾਵੇਗਾ।